# ਤੁਹਾਡੀ ਜਾਣਕਾਰੀ ਇਹ ਗੁਪਤ ਰਹੇਗੀ

## ਜਦ ਤੁਸੀਂ ਇਹ ਸੇਵਾ ਦੇ ਖਪਤਕਾਰ ਹੋ ਤਾਂ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਦਾ ਕੀ ਹੋਵੇਗਾ?

### ਅਸੀਂ ਕੌਣ ਹਾਂ?

ਅਸੀਂ ਤੁਹਾਡੇ ਖੇਤਰ ਵਿੱਚ ਸਿਹਤ ਅਤੇ ਭਾਈਚਾਰਕ ਸੰਭਾਲ ਸੇਵਾਵਾਂ ਪਰਦਾਨ ਕਰਨ ਵਾਲਿਆਂ ਵਿੱਚੋਂ ਇਕ ਹਾਂ ਅਤੇ ਤੁਹਾਡੀਆਂ ਸਿਹਤ ਪ੍ਰਤੀ ਲੋੜਾਂ ਦੀ ਪੂਰਤੀ ਲਈ ਰਲ ਮਿਲ ਕੇ ਕੰਮ ਕਰਦੇ ਹਾਂ।

### ਅਸੀਂ ਤੁਹਾਡੇ ਬਾਰੇ ਵਿਚ ਕਿਹੜੀ ਜਾਣਕਾਰੀ ਇਕੱਠੀ ਕਰਦੇ ਹਾਂ?

ਅਸੀਂ ਤੁਹਾਡਾ ਨਾਮ ਅਤੇ ਸੰਪਰਕ ਵਾਲੇ ਵੇਰਵੇ ਤੁਹਾਡੇ ਖਪਤਕਾਰ ਰਿਕਾਰਡ ਵਿੱਚ ਰੱਖਦੇ ਹਾਂ। ਇਸ ਤੋਂ ਇਲਾਵਾ ਹੋਰ ਵੇਰਵੇ ਜਿਵੇਂ ਤੁਹਾਡੀ ਸੰਭਾਲ ਯੋਜਨਾ ਅਤੇ ਤੁਹਾਡੀ ਸਿਹਤ ਦਾ ਰਿਕਾਰਡ ਵੀ ਰੱਖਿਆ ਜਾਂਦਾ ਹੈ।

### ਅਸੀਂ ਤੁਹਾਡੇ ਬਾਰੇ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ?

ਜੋ ਸੂਚਨਾ ਅਸੀਂ ਇਕੱਠੀ ਕਰਦੇ ਹਾਂ ਉਹ ਸਾਨੂੰ ਤੁਹਾਡੀਆਂ ਲੋੜਾਂ ਪ੍ਰਤੀ ਜਾਣਕਾਰੀ ਵਿੱਚ ਸਹਾਇਤਾ ਕਰਦੀ ਹੈ ਤਾਂ ਕਿ ਅਸੀਂ ਤੁਹਾਡੀ ਸਹਾਇਤਾ ਵਧੀਆ ਢੰਗ ਨਾਲ ਕਰ ਸਕੀਏ। ਅਸੀਂ ਇਸ ਜਾਣਕਾਰੀ ਦੀ ਵਰਤੋਂ ਸੇਵਾ ਦੇ ਚੰਗੇ ਪ੍ਰਬੰਧ ਅਤੇ ਯੋਜਨਾ ਵਾਸਤੇ ਵੀ ਕਰਦੇ ਹਾਂ।

### ਤੁਹਾਡੀ ਇਸ ਜਾਣਕਾਰੀ ਨੂੰ ਹੋਰ ਕੌਣ ਦੇਖ ਸਕਦਾ ਹੈ?

ਤੁਹਾਡੀ ਜਾਣਕਾਰੀ ਨੂੰ ਇਸ ਸੇਵਾ ਵਿੱਚ ਕੰਮ ਕਰਦੇ ਤੇ ਤੁਹਾਡੀ ਸੰਭਾਲ ਵਿੱਚ ਲੱਗੇ ਕਰਮਚਾਰੀ ਹੀ ਦੇਖ ਸਕਦੇ ਹਨ। ਹਾਲਾਂਕਿ, ਅਸੀਂ ਇਹ ਜਾਣਕਾਰੀ ਤੁਹਾਡੀ ਸਹਿਮਤੀ ਜਾਂ ਕਨੂੰਨੀ ਲੋੜ ਵਾਸਤੇ ਜਾਂ ਆਪਾਤ ਕਾਲ ਦੌਰਾਨ ਡਾਕਟਰੀ ਸਹਾਇਤਾ ਲਈ ਹੀ ਦੇਂਦੇ ਹਾਂ।

### ਤੁਹਾਡੀ ਜਾਣਕਾਰੀ ਨੂੰ ਕੀ ਹੋ ਸਕਦਾ ਹੈ, ਇਸ ਬਾਰੇ ਵਿੱਚ ਤੁਹਾਡੀ ਕੀ ਰਾਇ ਹੈ?

ਤੁਹਾਡੀ ਜਾਣਕਾਰੀ ਨੂੰ ਕੀ ਹੋ ਸਕਦਾ ਹੈ ਦੇ ਬਾਰੇ ਵਿੱਚ ਤੁਹਾਡੀ ਕੀ ਰਾਇ ਹੈ। ਅਸੀਂ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਉਤੇ ਨਿਰਭਰ ਕਰਦੇ ਹਾਂ ਜੋ ਸਾਨੂੰ ਤੁਹਾਡੀ ਠੀਕ ਦੇਖਭਾਲ ਕਰਨ ਵਿੱਚ ਸਹਾਇਤਾ ਕਰਦੀ ਹੈ। ਜੇਕਰ ਤੁਸੀਂ ਆਪਣੀ ਕੁਝ ਜਾਣਕਾਰੀ ਸਾਡੇ ਨਾਲ ਸਾਂਝੀ ਨਹੀਂ ਕਰਨਾ ਚਾਹੁੰਦੇ ਹੋ ਜਾਂ ਆਪਣੇ ਖਾਤੇ ਨੂੰ ਗੁਪਤ ਰੱਖਣਾ ਚਾਹੁੰਦੇ ਹੋ ਤਾਂ ਇਹ ਤੁਹਾਡਾ ਹੱਕ ਹੈ, ਪਰ ਇਸ ਨਾਲ ਤੁਹਾਨੂੰ ਚੰਗੀ ਸੇਵਾ ਪਰਦਾਨ ਕਰਨ ਉਤੇ ਅਸਰ ਪੈ ਸਕਦਾ ਹੈ। ਜੇਕਰ ਤੁਸੀਂ ਆਪਣੀ ਇੱਛਾ ਬਦਲਣੀ ਜਾਂ ਰੱਦ ਕਰਨੀ ਚਾਹੁੰਦੇ ਹੋ ਤਾਂ ਸਾਡੇ ਨਾਲ ਸੰਪਰਕ ਕਰੋ।

### ਤੁਹਾਡੀ ਜਾਣਕਾਰੀ ਦੀ ਸੰਭਾਲ ਕਿਵੇਂ ਕੀਤੀ ਜਾਵੇਗੀ?

ਤੁਹਾਡੇ ਰਿਕਾਰਡ ਨੂੰ ਗੁਪਤ ਰੱਖਣ ਲਈ ਅਸੀਂ ਵਚਨਬੱਧ ਹਾਂ। ਤੁਹਾਡੀ ਜਾਣਕਾਰੀ ਨੂੰ ਕਨੂੰਨੀ ਤੌਰ ਤੇ ਵੀ ਗੁਪਤ ਅਤੇ ਸੁਰੱਖਿਅਤ ਰੱਖਿਆ ਜਾਂਦਾ ਹੈ। ਅਸੀਂ ਤੁਹਾਡੀ ਜਾਣਕਾਰੀ ਨੂੰ ਪੂਰਣ ਤੌਰ ਉਤੇ ਗੁਪਤ ਅਤੇ ਸੰਭਾਲ ਕੇ ਰੱਖਦੇ ਹਾਂ।

### ਕੀ ਤੁਸੀਂ ਆਪਣੀ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹੋ?

ਹਾਂ, ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਲਈ ਬੇਨਤੀ ਕਰਨ ਦਾ ਪੂਰਾ ਹੱਕ ਹੈ ਅਤੇ ਜੇ ਲੋੜ ਹੋਵੇ ਤਾਂ ਇਸ ਨੂੰ ਠੀਕ ਕਰਨ ਲਈ ਵੀ ਕਹਿ ਸਕਦੇ ਹੋ।

### ਕੋਈ ਹੋਰ ਸੁਆਲ?

ਜੇਕਰ ਤੁਸੀਂ ਕੋਈ ਸੁਆਲ ਪੁੱਛਣੇ ਹਨ ਜਾਂ ਸਾਡੇ ਖਪਤਕਾਰ ਹੁੰਦਿਆਂ ਆਪਣੀ ਜਾਣਕਾਰੀ ਦਾ ਕੀ ਹੋਵੇਗਾ ਦੇ ਬਾਰੇ ਵਿੱਚ ਕੋਈ ਸ਼ਿਕਾਇਤ ਕਰਨੀ ਹੈ ਜਾਂ ਤੁਸੀਂ ਆਪਣਾ ਰਿਕਾਰਡ ਵੇਖਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਡੇ ਕਿਸੇ ਇਕ ਕਰਮਚਾਰੀ ਨਾਲ ਗੱਲਬਾਤ ਕਰੋ।

The Department of Human Services, 2009

Victoria
The Place To Be